Office for National Statistics

# ਸੰਮਲਿਤ ਡੇਟਾ ਟਾਸਕਫੋਰਸ: ਡੇਟਾ ਨੂੰ ਹੋਰ ਸੰਮਲਿਤ ਬਣਾਉਣ ਦੀ ਸਾਡੀ ਯੋਜਨਾ






## ਆਸਾਨੀ ਨਾਲ ਪੜ੍ਹੀ ਜਾਣ ਵਾਲੀ ਕਿਤਾਬ

**ਜਨਵਰੀ 2022**

# ਵਿਸ਼ਾ ਵਸਤੂ




ਅਸੀਂ ਕੌਣ ਹਾਂ ਅਤੇ ਅਸੀਂ ਕੀ ਕਰਦੇ ਹਾਂ: ਪੰਨਾ 2



ਸਾਡੀ ਯੋਜਨਾ ਬਾਰੇ ਹੋਰ ਜਾਣਕਾਰੀ: ਪੰਨਾ 3



ਸੰਮਲਿਤ ਡੇਟਾ ਸਿਧਾਂਤ: ਪੰਨਾ 4



ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਕੀ ਕਰਨਾ ਹੈ: ਪੰਨਾ 15


---



ਇਸ ਆਸਾਨੀ ਨਾਲ ਪੜ੍ਹੇ ਜਾਣ ਵਾਲੇ ਦਸਤਾਵੇਜ਼ ਵਿੱਚ, ਉਹ ਸ਼ਬਦ ਜੋ ਸ਼ਾਇਦ ਸਮਝਣ ਵਿੱਚ ਔਖੇ ਹੋ ਸਕਦੇ ਹਨ **ਬੋਲਡ** ਕੀਤੇ ਗਏ ਹਨ। ਅਸੀਂ ਸ਼ਬਦਾਂ ਦੇ ਵਰਤੇ ਜਾਣ ਤੋਂ ਬਾਅਦ ਉਹਨਾਂ ਦਾ ਕੀ ਅਰਥ ਹੈ ਇਹ ਸਮਝਾਇਆ ਹੈ।

# ਅਸੀਂ ਕੌਣ ਹਾਂ ਅਤੇ ਅਸੀਂ ਕੀ ਕਰਦੇ ਹਾਂ

ਅਸੀਂ ਰਾਸ਼ਟਰੀ **ਅੰਕੜਿਆਂ** ਦਾ ਦਫਤਰ ਹਾਂ।

Office for National Statistics

**ਅੰਕੜੇ** ਉਹਨਾਂ ਲੋਕਾਂ ਜਾਂ ਸੰਸਥਾਵਾਂ ਦੀ ਜਾਣਕਾਰੀ ਹੁੰਦੇ ਹਨ ਜਿਹਨਾਂ ਨੂੰ ਇਕੱਠਾ ਕੀਤਾ ਜਾਂਦਾ ਹੈ ਅਤੇ ਜਿਸਦੀ ਤੁਲਨਾ ਕੀਤੀ ਜਾਂਦੀ ਹੈ।



ਅਸੀਂ ਇਹ ਪਤਾ ਲਗਾਉਣ ਲਈ ਦੂਜਿਆਂ ਨਾਲ ਕੰਮ ਕੀਤਾ ਕਿ ਉਹ ਯੂਕੇ ਵਿੱਚ **ਡੇਟਾ** ਨੂੰ ਕਿਵੇਂ ਸੁਧਾਰ ਰਹੇ ਸਨ ਤਾਂ ਜੋ ਉਹ ਵਧੇਰੇ **ਸੰਮਲਿਤ** ਹੋਣ।

**ਡੇਟਾ** ਤੱਥ ਜਾਂ ਅੰਕੜੇ ਹੁੰਦੇ ਹਨ।

**ਸੰਮਲਿਤ** ਮਤਲਬ ਹਰ ਕੋਈ ਸ਼ਾਮਲ ਹੋ ਸਕਦਾ ਹੈ।



**ਰਾਸ਼ਟਰੀ ਅੰਕੜਾ ਵਿਗਿਆਨੀ** ਯੂਕੇ ਵਿੱਚ ਰਹਿ ਰਹੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਜ਼ਿੰਮੇਵਾਰ ਹੈ।




ਇਸ ਕਿਤਾਬ ਵਿੱਚ ਅਸੀਂ ਤੁਹਾਨੂੰ ਸਾਡੀ ਲਾਗੂ ਕਰਨ **ਦੀ ਯੋਜਨਾ** ਬਾਰੇ ਦੱਸਦੇ ਹਾਂ। ਇਹ ਯੋਜਨਾ ਕੁਝ ਮੌਜੂਦਾ ਅਤੇ ਭਵਿੱਖੀ ਤਬਦੀਲੀਆਂ ਦੀ ਵਿਆਖਿਆ ਕਰਦੀ ਹੈ ਜੋ ਯੂਕੇ ਡੇਟਾ ਨੂੰ ਬਿਹਤਰ ਅਤੇ ਵਧੇਰੇ ਸੰਮਿਲਿਤ ਬਣਾਉਂਦੀ ਹੈ।

# ਸਾਡੀ ਯੋਜਨਾ ਬਾਰੇ ਹੋਰ ਜਾਣਕਾਰੀ




ਸਾਡੀ ਯੋਜਨਾ ਵਿੱਚ ਸੂਚੀਬੱਧ ਤਬਦੀਲੀਆਂ ਨੂੰ 8 **ਸੰਮਲਿਤ ਡੇਟਾ ਸਿਧਾਂਤਾਂ** ਦੇ ਤਹਿਤ ਸਮੂਹਬੱਧ ਕੀਤਾ ਗਿਆ ਹੈ।

**ਸਿਧਾਂਤ** ਉਹ ਹਨ ਜਿਨ੍ਹਾਂ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ।




ਕੁਝ ਤਬਦੀਲੀਆਂ ਪਹਿਲਾਂ ਹੀ ਹੋਣੀਆਂ ਸ਼ੁਰੂ ਹੋ ਗਈਆਂ ਹਨ ਜਾਂ ਜਲਦੀ ਹੀ ਹੋਣਗੀਆਂ। ਭਵਿੱਖ ਵਿੱਚ ਹੋਰ ਵੀ ਤਬਦੀਲੀਆਂ ਹੋਣਗੀਆਂ। ਇਸ ਯੋਜਨਾ ਨੂੰ ਹਰ ਸਾਲ ਅਪਡੇਟ ਕੀਤਾ ਜਾਵੇਗਾ।



ਰਾਸ਼ਟਰੀ ਅੰਕੜਾ ਵਿਗਿਆਨੀ ਸਲਾਹਕਾਰ ਕਮੇਟੀ ਨਾਮਕ ਇੱਕ ਨਵਾਂ **ਸੁਤੰਤਰ** ਸਮੂਹ ਰਾਸ਼ਟਰੀ ਅੰਕੜਾ ਵਿਗਿਆਨੀ ਨੂੰ ਸਲਾਹ ਦੇਵੇਗਾ ਕਿ ਡੇਟਾ ਨੂੰ ਹੋਰ ਸੰਮਲਿਤ ਕਿਵੇਂ ਬਣਾਇਆ ਜਾਵੇ।



**ਸੁਤੰਤਰ** ਦਾ ਮਤਲਬ ਹੈ ਕਿ ਉਹ ਸਰਕਾਰ ਦਾ ਹਿੱਸਾ ਨਹੀਂ ਹਨ।

ਉਹ ਯੋਜਨਾ ਸੰਬੰਧੀ ਪ੍ਰਗਤੀ ਦੇ ਨਾਲ-ਨਾਲ ਆਪਣੀ ਸਲਾਹ ਪ੍ਰਕਾਸ਼ਿਤ ਕਰਨਗੇ। ਹਰ ਕੋਈ ਰਿਪੋਰਟਾਂ ਦੇਖ ਸਕੇਗਾ।

# ਸੰਮਲਿਤ ਡਾਟਾ ਸਿਧਾਂਤ 1

## ਵਿਸ਼ਵਾਸ ਬਣਾਓ



ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਲੋਕ ਆਪਣਾ ਡੇਟਾ ਸੁਰੱਖਿਅਤ ਢੰਗ ਨਾਲ ਪ੍ਰਦਾਨ ਕਰ ਸਕਣ ਅਤੇ ਜਾਣ ਸਕਣ ਕਿ ਇਸਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਇਹ ਲੋਕਾਂ ਨੂੰ ਇਹ ਜਾਣਨ ਵਿੱਚ ਮਦਦ ਕਰੇਗਾ ਕਿ ਉਹਨਾਂ ਦੀ ਜਾਣਕਾਰੀ ਪ੍ਰਦਾਨ ਕਰਨਾ ਸੁਰੱਖਿਅਤ ਹੈ।



ਅਸੀਂ ਚਾਹੁੰਦੇ ਹਾਂ ਕਿ ਵੱਖ-ਵੱਖ ਪਿਛੋਕੜ ਵਾਲੇ ਲੋਕ ਅਤੇ **ਘੱਟ-ਪ੍ਰਤੀਨਿਧਤਾ** ਵਾਲੇ ਲੋਕ ਜਾਣ ਸਕਣ ਕਿ ਉਹਨਾਂ ਨੂੰ ਡੇਟਾ ਵਿੱਚ ਸ਼ਾਮਲ ਕੀਤਾ ਜਾਵੇਗਾ।



**ਘੱਟ-ਪ੍ਰਤੀਨਿਧਤਾ** ਦਾ ਮਤਲਬ ਹੈ ਕਿ ਸਾਡੇ ਕੋਲ ਹੋਰ ਕਿਸਮ ਦੇ ਲੋਕਾਂ ਦੇ ਮੁਕਾਬਲੇ ਇਸ ਕਿਸਮ ਦੇ ਲੋਕਾਂ ਬਾਰੇ ਘੱਟ ਡਾਟਾ ਹੈ।



ਯੂਕੇ ਸਟੈਟਿਸਟਿਕਸ ਅਥਾਰਟੀ ਇਹਨਾਂ ਲਈ ਗਤੀਵਿਧੀਆਂ ਕਰੇਗੀ:

- ਡਾਟਾ ਇਕੱਠਾ ਕਰਨ ਵਿੱਚ ਲੋਕਾਂ ਦਾ ਭਰੋਸਾ ਵਧਾਏਗੀ
- ਇਹ ਯਕੀਨੀ ਬਣਾਏਗੀ ਕਿ ਡੇਟਾ ਇਕੱਠਾ ਕਰਨ ਵਾਲੇ ਸਮੂਹ ਇਸ ਨੂੰ ਸਹੀ ਤਰੀਕੇ ਨਾਲ ਕਰਦੇ ਹਨ

# ਸੰਮਲਿਤ ਡਾਟਾ ਸਿਧਾਂਤ 2

## ਇੱਕੋ ਸਮੇਂ ਤੇ ਯੂ ਕੇ ਵਿਖੇ ਬਦਲਾਵ ਕਰਨ ਦੇ ਲਈ ਇਕੱਠਿਆਂ ਕੰਮ ਕਰੋ



ਅਸੀਂ ਇਹ ਯਕੀਨੀ ਬਣਾਉਣ ਲਈ ਬਹੁਤ ਸਾਰੀਆਂ ਸੰਸਥਾਵਾਂ ਨਾਲ ਕੰਮ ਕਰਾਂਗੇ ਕਿ ਇੱਕੋ ਸਮੇਂ ਪੂਰੇ ਯੂਕੇ ਵਿੱਚ ਡੇਟਾ ਵਧੇਰੇ ਸੰਮਲਿਤ ਹੋ ਜਾਵੇ।



ਇਸ ਵਿੱਚ ਸ਼ਾਮਲ ਹਨ:

- ਪੂਰੇ ਯੂਕੇ ਵਿੱਚ **ਸਰਕਾਰ** ਅਤੇ **ਵਿਵਸਥਿਤ ਪ੍ਰਸ਼ਾਸਨ**
- ਉਹ ਲੋਕ ਜੋ ਸਿੱਖਿਆ ਅਤੇ ਖੋਜ ਵਿੱਚ ਕੰਮ ਕਰਦੇ ਹਨ
- ਭਾਈਚਾਰਕ ਸੰਸਥਾਵਾਂ ਅਤੇ ਚੈਰਿਟੀ



ਯੂਕੇ **ਸਰਕਾਰ** ਅਤੇ **ਵਿਵਸਥਿਤ ਪ੍ਰਸ਼ਾਸਨ** ਦੇਸ਼ ਨੂੰ ਚਲਾਉਣ ਦੇ ਇੰਚਾਰਜ ਹਨ।



**ਵਿਵਸਥਿਤ ਪ੍ਰਸ਼ਾਸਨ** ਹਨ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ।



ਅਸੀਂ ਇਹ ਯਕੀਨੀ ਬਣਾਉਣ ਵਿੱਚ ਮਦਦ ਲਈ ਸਲਾਹ ਦੇਵਾਂਗੇ ਕਿ:

- ਡਾਟਾ ਇਕੱਠਾ ਕਰਨਾ ਸ਼ਾਮਲ ਹੈ
- ਡੇਟਾ ਦੀ ਤੁਲਨਾ ਕੀਤੀ ਜਾ ਸਕਦੀ ਹੈ
- ਇਕੱਤਰ ਕੀਤਾ ਗਿਆ ਡੇਟਾ ਚੰਗੀ ਗੁਣਵੱਤਾ ਵਾਲਾ ਹੈ



ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ ਡੇਟਾ ਨੂੰ ਸੰਮਲਿਤ ਬਣਾਉਣ ਦੇ ਤਰੀਕਿਆਂ ਦੀਆਂ ਚੰਗੀਆਂ ਉਦਾਹਰਣਾਂ ਲੱਭੇਗਾ। ਉਹ ਚੰਗੀਆਂ ਉਦਾਹਰਣਾਂ ਨੂੰ ਹਰ ਕਿਸੇ ਨਾਲ ਸਾਂਝਾ ਕਰਨਗੇ।



ਸਮਾਵੇਸ਼ੀ ਡੇਟਾ ਤੇ ਨਵੀਂ ਰਾਸ਼ਟਰੀ ਅੰਕੜਾ ਵਿਗਿਆਨੀ ਸਲਾਹਕਾਰ ਕਮੇਟੀ ਇਹ ਕਰੇਗੀ:

- ਜਾਂਚ ਕਰੇਗੀ ਕਿ ਸੰਸਥਾਵਾਂ ਇਸ ਯੋਜਨਾ ਦੀ ਪਾਲਣਾ ਕਰਦੀਆਂ ਹਨ
- ਹੋਈਆਂ ਤਬਦੀਲੀਆਂ ਨੂੰ ਦਿਖਾਉਣ ਲਈ ਰਿਪੋਰਟਾਂ ਲਿਖੇਗੀ



ਅਸੀਂ ਇਸ ਬਾਰੇ ਸੋਚਾਂਗੇ ਕਿ ਯੂਕੇ ਵਿੱਚ ਬਹੁਤ ਸਾਰੇ ਵੱਖ-ਵੱਖ ਕਿਸਮਾਂ ਦੇ ਲੋਕਾਂ ਤੋਂ ਡੇਟਾ ਕਿਵੇਂ ਇਕੱਤਰ ਕੀਤਾ ਜਾ ਸਕਦਾ ਹੈ।



ਅਸੀਂ ਇੱਕ ਮੁਲਾਂਕਣ ਯੋਜਨਾ ਲਿਖਾਂਗੇ। ਇੱਕ ਮੁਲਾਂਕਣ ਯੋਜਨਾ ਦਿਖਾਏਗੀ:

- ਸੰਸਥਾਵਾਂ ਕੀ ਬਦਲਾਅ ਕਰਦੀਆਂ ਹਨ
- ਤਬਦੀਲੀਆਂ ਦੇ ਨਤੀਜੇ ਅਤੇ ਪ੍ਰਭਾਵ ਕੀ ਹਨ

# ਸੰਮਲਿਤ ਡਾਟਾ ਸਿਧਾਂਤ 3

## ਇਹ ਯਕੀਨੀ ਬਣਾਓ ਕਿ ਡਾਟਾ ਹਰ ਕਿਸਮ ਦੇ ਲੋਕਾਂ ਦਾ ਹੈ



ਯੂਕੇ ਦੇ ਸਾਰੇ ਹਿੱਸਿਆਂ ਵਿੱਚ ਹਰ ਕਿਸਮ ਦੇ ਲੋਕਾਂ ਤੋਂ ਡੇਟਾ ਇਕੱਠਾ ਕਰਨ ਦੀ ਲੋੜ ਹੈ। ਸਾਨੂੰ ਇਹ ਜਾਂਚ ਕਰਦੇ ਰਹਿਣ ਦੀ ਲੋੜ ਹੈ ਕਿ ਇਹ ਸਹੀ ਤਰੀਕੇ ਨਾਲ ਕੀਤਾ ਗਿਆ ਹੈ।



ਅਸੀਂ ਇਹ ਯਕੀਨੀ ਬਣਾਉਣ ਲਈ ਇੱਕ ਯੋਜਨਾ ਲਿਖਾਂਗੇ ਅਤੇ ਗਤੀਵਿਧੀਆਂ ਕਰਾਂਗੇ ਜੋ ਯੂਕੇ ਦੇ ਡੇਟਾ ਵਿੱਚ ਘੱਟ ਪ੍ਰਤੀਨਿਧਤਾ ਵਾਲੇ ਲੋਕਾਂ ਦੇ ਸਮੂਹਾਂ ਨਾਲ ਵਧੇਰੇ ਸੰਬੰਧਿਤ ਹਨ।



ਅਸੀਂ ਚਾਹੁੰਦੇ ਹਾਂ ਕਿ ਉਹ ਸੰਸਥਾਵਾਂ ਜੋ ਮਿਲ ਕੇ ਕੰਮ ਕਰਨ ਲਈ ਡਾਟਾ ਦੀ ਵਰਤੋਂ ਕਰਦੀਆਂ ਹਨ ਉਹ ਇਹ ਯਕੀਨੀ ਬਣਾਉਣ ਕਿ ਹਰ ਕਿਸਮ ਦੇ ਲੋਕਾਂ ਬਾਰੇ ਡੇਟਾ ਇਕੱਠਾ ਕੀਤਾ ਜਾਂਦਾ ਹੈ।



ਸਮਾਵੇਸ਼ੀ ਡੇਟਾ ਤੇ ਨਵੀਂ ਰਾਸ਼ਟਰੀ ਅੰਕੜਾ ਵਿਗਿਆਨੀ ਸਲਾਹਕਾਰ ਕਮੇਟੀ ਇਸ ਬਾਰੇ ਸਲਾਹ ਦੇਵੇਗੀ ਕਿ ਹੋਰ ਘੱਟ-ਪ੍ਰਤੀਨਿਧਤਾ ਵਾਲੇ ਲੋਕਾਂ ਨੂੰ ਕਿਵੇਂ ਸ਼ਾਮਲ ਕੀਤਾ ਜਾਵੇ।

# ਸੰਮਲਿਤ ਡਾਟਾ ਸਿਧਾਂਤ 4
# ਵਧੀਆ ਗੁਣਵੱਤਾ ਦਾ ਡਾਟਾ ਇਕੱਠਾ ਕਰੋ



ਸਾਨੂੰ ਸਾਡੇ ਕੰਮ ਕਰਨ ਦੇ ਤਰੀਕਿਆਂ ਨੂੰ ਸੁਧਾਰਨ ਦੀ ਲੋੜ ਹੈ ਤਾਂ ਜੋ:

- ਕਾਫ਼ੀ ਡਾਟਾ ਇਕੱਠਾ ਕੀਤਾ ਜਾਂਦਾ ਹੈ
- ਇਕੱਠਾ ਕੀਤਾ ਗਿਆ ਡੇਟਾ ਚੰਗੀ ਗੁਣਵੱਤਾ ਵਾਲਾ ਹੈ ਅਤੇ ਉਸ ਵਿੱਚ ਹਰ ਕਿਸਮ ਦੇ ਲੋਕਾਂ ਤੋਂ ਜਾਣਕਾਰੀ ਸ਼ਾਮਲ ਹੈ



ਉਹ ਸੰਸਥਾਵਾਂ ਜੋ ਡੇਟਾ ਦੀ ਵਰਤੋਂ ਅਤੇ ਤੁਲਨਾ ਕਰਦੀਆਂ ਹਨ, ਉਹਨਾਂ ਨੂੰ ਚੰਗੀ ਗੁਣਵੱਤਾ ਵਿੱਚ ਡਾਟਾ ਚਾਹੀਦਾ ਹੁੰਦਾ ਹੈ।



ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ ਏਕੀਕ੍ਰਿਤ ਡੇਟਾ ਸੇਵਾ ਨਾਮਕ ਇੱਕ ਸੇਵਾ ਬਣਾ ਰਿਹਾ ਹੈ।



ਇਹ ਹੇਠ ਕਥਿਤ ਦੇ ਵਿੱਚ ਯੂਕੇ ਭਰ ਦੀਆਂ ਸੰਸਥਾਵਾਂ ਦੀ ਮਦਦ ਕਰੇਗਾ:

- ਹੋਰ ਡੇਟਾ ਵੇਖੋ
- ਡੇਟਾ ਨੂੰ ਇਕੱਠੇ ਲਿੰਕ ਕਰੋ
- ਡਾਟਾ ਦੀ ਬਿਹਤਰ ਤਰੀਕੇ ਨਾਲ ਤੁਲਨਾ ਕਰੋ

# ਸੰਮਲਿਤ ਡਾਟਾ ਸਿਧਾਂਤ 5
# ਸਹੀ ਸ਼ਬਦਾਂ ਅਤੇ ਵਾਕਾਂ ਦੀ ਵਰਤੋਂ ਕਰੋ



ਡਾਟਾ ਇਕੱਤਰ ਕਰਨ ਦੀਆਂ ਗਤੀਵਿਧੀਆਂ ਨੂੰ ਲੋਕਾਂ ਦਾ ਵਰਣਨ ਕਰਨ ਲਈ ਸਹੀ ਸ਼ਬਦਾਂ ਜਾਂ ਵਾਕਾਂ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ।



ਇਹ ਮਹੱਤਵਪੂਰਨ ਹੈ ਕਿ:

- ਉਹਨਾਂ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਕਰੋ ਜੋ ਲੋਕ ਸਮਝਦੇ ਹਨ ਅਤੇ ਉਹਨਾਂ ਤੋਂ ਖੁਸ਼ ਹਨ



- ਇਹ ਯਕੀਨੀ ਬਣਾਓ ਕਿ ਸ਼ਬਦਾਂ ਅਤੇ ਵਾਕਾਂਸ਼ਾਂ ਦਾ ਅਰਥ ਸਾਰਿਆਂ ਲਈ ਇੱਕੋ ਜਿਹਾ ਹੈ ਅਤੇ ਉਹ ਸੰਮਲਿਤ ਹਨ



- ਵੱਖ-ਵੱਖ ਡੇਟਾ ਇਕੱਤਰ ਕਰਨ ਦੀਆਂ ਗਤੀਵਿਧੀਆਂ ਵਿੱਚ ਇੱਕੋ ਜਿਹੇ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਕਰੋ ਤਾਂ ਜੋ ਡੇਟਾ ਦੀ ਤੁਲਨਾ ਕੀਤੀ ਜਾ ਸਕੇ



ਅਸੀਂ ਬਹੁਤ ਸਾਰੇ ਲੋਕਾਂ ਨਾਲ ਗੱਲ ਕਰਕੇ ਸੰਮਲਿਤ ਅਤੇ ਚੰਗੀ ਗੁਣਵੱਤਾ ਵਾਲੇ ਡੇਟਾ ਨੂੰ ਕਿਵੇਂ ਇਕੱਠਾ ਕਰਨਾ ਹੈ ਬਾਰੇ ਸਲਾਹ ਵਿੱਚ ਸੁਧਾਰ ਕਰਾਂਗੇ।

ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ ਇਸ ਸਲਾਹ ਨੂੰ ਅੱਪਡੇਟ ਕਰਨ ਲਈ ਇੱਕ ਯੋਜਨਾ ਪ੍ਰਕਾਸ਼ਿਤ ਕਰੇਗਾ। ਹਰ ਕੋਈ ਇਸ ਯੋਜਨਾ ਨੂੰ ਦੇਖ ਸਕੇਗਾ ਅਤੇ ਇਸ ਵਿੱਚ ਸ਼ਾਮਲ ਹੋ ਸਕਦਾ ਹੈ।



ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ ਯੂਕੇ ਸਰਕਾਰ ਅਤੇ ਵਿਵਸਥਿਤ ਪ੍ਰਸ਼ਾਸਨ ਨਾਲ ਸਲਾਹ ਨੂੰ ਬਿਹਤਰ ਬਣਾਉਣ ਲਈ ਕੰਮ ਕਰੇਗਾ:



- ਡੇਟਾ ਇਕੱਠਾ ਕਰਨ ਵੇਲੇ ਵਰਤਣ ਲਈ ਸਹੀ ਸ਼ਬਦਾਂ ਅਤੇ ਵਾਕਾਂਸ਼ਾਂ ਬਾਰੇ ਤਾਂ ਜੋ ਉਹ ਸੰਮਲਿਤ, ਸਮਝਣ ਵਿੱਚ ਆਸਾਨ ਅਤੇ ਯੂਕੇ ਵਿੱਚ ਇੱਕੋ ਜਿਹੇ ਹੋਣ।
- ਕੰਮ ਕਰਨ ਦੇ ਚੰਗੇ ਤਰੀਕਿਆਂ ਨੂੰ ਸਾਂਝਾ ਕਰਨ ਵਿੱਚ ਸੰਸਥਾਵਾਂ ਦੀ ਮਦਦ ਕਰਨ ਲਈ
- ਉਹਨਾਂ ਨਿਯਮਾਂ ਬਾਰੇ ਜਿਨ੍ਹਾਂ ਦੀ ਪਾਲਣਾ ਕਰਨ ਲਈ ਸਰਕਾਰ ਡਾਟਾ ਇਕੱਠਾ ਕਰਦੀ ਹੈ ਅਤੇ ਵਰਤਦੀ ਹੈ



ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ **ਨਿੱਜੀ ਵਿਸ਼ੇਸ਼ਤਾਵਾਂ** ਬਾਰੇ ਡਾਟਾ ਇਕੱਠਾ ਕਰਨ ਦੇ ਸਰਵੋਤਮ ਤਰੀਕਿਆਂ ਬਾਰੇ ਵੀ ਸਲਾਹ ਦੇਵੇਗਾ।



ਉਮਰ, ਧਰਮ ਅਤੇ ਪਿਛੋਕੜ **ਵਿਅਕਤੀਗਤ ਵਿਸ਼ੇਸ਼ਤਾਵਾਂ** ਦੀਆਂ ਉਦਾਹਰਣਾਂ ਹਨ।

# ਸੰਮਲਿਤ ਡਾਟਾ ਸਿਧਾਂਤ 6

## ਡਾਟਾ ਇਕੱਠਾ ਕਰਨ ਦੇ ਵੱਖ ਵੱਖ ਅਤੇ ਨਵੇਂ ਤਰੀਕੇ ਅਪਣਾਓ



ਸਾਨੂੰ ਵੱਖ-ਵੱਖ ਕਿਸਮਾਂ ਦੇ ਲੋਕਾਂ ਅਤੇ ਉਹਨਾਂ ਨੂੰ ਕੀ ਚਾਹੀਦਾ ਹੈ ਬਾਰੇ ਹੋਰ ਸਮਝਣ ਵਿੱਚ ਮਦਦ ਕਰਨ ਲਈ ਡਾਟਾ ਇਕੱਠਾ ਕਰਨ ਦੇ ਨਵੇਂ ਤਰੀਕੇ ਅਜ਼ਮਾਉਣ ਦੀ ਲੋੜ ਹੈ।



ਅਸੀਂ ਵੱਖ-ਵੱਖ ਕਿਸਮਾਂ ਦੀ ਜਾਣਕਾਰੀ ਅਤੇ ਲੋਕਾਂ ਲਈ ਸਰਵੋਤਮ ਨਵੀਆਂ ਡਾਟਾ ਇਕੱਤਰ ਕਰਨ ਦੀਆਂ ਗਤੀਵਿਧੀਆਂ ਨੂੰ ਲੱਭਾਂਗੇ ਅਤੇ ਸਾਂਝਾ ਕਰਾਂਗੇ, ਤਾਂ ਜੋ ਅਸੀਂ ਘੱਟ-ਪ੍ਰਤੀਨਿਧਿਤ ਸਮੂਹਾਂ ਨੂੰ ਬਿਹਤਰ ਤਰੀਕੇ ਨਾਲ ਸਮਝ ਸਕੀਏ।



ਸਮਾਵੇਸ਼ੀ ਡੇਟਾ ਤੇ ਨਵੀਂ ਰਾਸ਼ਟਰੀ ਅੰਕੜਾ ਵਿਗਿਆਨੀ ਸਲਾਹਕਾਰ ਕਮੇਟੀ ਘੱਟ-ਪ੍ਰਤੀਨਿਧ ਸਮੂਹਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਾਡੀ ਮਦਦ ਕਰਨ ਲਈ ਵਰਤਣ ਲਈ ਸਭ ਤੋਂ ਵਧੀਆ **ਗੁਣਾਤਮਕ ਖੋਜ** ਬਾਰੇ ਸਲਾਹ ਦੇਵੇਗੀ।



**ਗੁਣਾਤਮਕ ਖੋਜ** ਦਾ ਮਤਲਬ ਹੈ ਲੋਕਾਂ ਦੇ ਵਿਚਾਰਾਂ, ਅਨੁਭਵਾਂ ਅਤੇ ਲੋੜਾਂ ਨੂੰ ਉਹਨਾਂ ਦੇ ਆਪਣੇ ਦ੍ਰਿਸ਼ਟੀਕੋਣ ਤੋਂ ਸਮਝਣਾ।

# ਸੰਮਲਿਤ ਡਾਟਾ ਸਿਧਾਂਤ 7

## ਸਹੀ ਸ਼ਬਦਾਂ ਦੀ ਵਰਤੋਂ ਤੇ ਸਲਾਹ ਦੀ ਜਾਂਚ ਕਰੋ ਅਤੇ ਦੇਖੋ ਕਿ ਵਾਕ ਹਾਲੀਆ ਹਨ




ਸਾਨੂੰ ਘੱਟੋ-ਘੱਟ ਹਰ 5 ਸਾਲਾਂ ਬਾਅਦ ਇਹ ਦੇਖਣਾ ਚਾਹੀਦਾ ਹੈ ਕਿ ਸਲਾਹ ਹਾਲੀਆ ਹੈ ਅਤੇ ਲੋੜ ਪੈਣ ਤੇ ਜਾਣਕਾਰੀ ਵਿੱਚ ਸੁਧਾਰ ਕਰਨਾ ਜਾਂ ਉਸਨੂੰ ਜੋੜਨਾ ਚਾਹੀਦਾ ਹੈ।



ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਲਾਹ ਹੇਠ ਕਥਿਤ ਦੇ ਅਨੁਕੂਲ ਹੋਵੇ:

- **ਜਨਤਾ** ਦੇ ਸੋਚਣ ਦੇ ਤਰੀਕੇ ਅਤੇ ਉਹਨਾਂ ਦੁਆਰਾ ਵਰਤੇ ਜਾਣ ਵਾਲੇ ਸ਼ਬਦਾਂ ਅਤੇ ਵਾਕਾਂਸ਼ਾਂ ਵਿੱਚ ਬਦਲਾਅ
- ਡੇਟਾ ਪ੍ਰਦਾਨ ਕਰਨ ਵਾਲੇ ਲੋਕਾਂ ਨੂੰ ਕੀ ਚਾਹੀਦਾ ਹੈ
- ਡੇਟਾ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਕੀ ਚਾਹੀਦਾ ਹੈ



**ਜਨਤਾ** ਆਮ ਲੋਕ ਹਨ ਜਿਵੇਂ ਕਿ ਤੁਹਾਡੇ ਸਥਾਨਕ ਖੇਤਰ ਦੇ ਲੋਕ।



ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ ਇਹ ਦੇਖਣ ਲਈ ਬਹੁਤ ਸਾਰੇ ਲੋਕਾਂ ਅਤੇ ਸਮੂਹਾਂ ਨਾਲ ਗੱਲ ਕਰੇਗਾ ਕਿ ਅਸੀਂ ਸਲਾਹ ਵਿੱਚ ਸਹੀ ਤਬਦੀਲੀਆਂ ਕਰਦੇ ਹਾਂ।



ਉਹ ਇਹ ਦਿਖਾਉਣ ਲਈ ਇੱਕ ਯੋਜਨਾ ਲਿਖਣਗੇ ਕਿ ਜਨਤਾ ਦੇ ਵਿਚਾਰਾਂ ਵਿੱਚ ਬਦਲਾਵ ਅਪਨਾਉਣ ਲਈ ਸਲਾਹ ਦੀ ਕਦੋਂ ਜਾਂਚ ਕੀਤੀ ਜਾਵੇਗੀ।



ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ ਪੂਰੇ ਯੂਕੇ ਵਿੱਚ ਸਲਾਹ ਦੀ ਵਰਤੋਂ ਨੂੰ ਉਤਸ਼ਾਹਿਤ ਕਰੇਗਾ।



ਨੈਸ਼ਨਲ ਸਟੈਟਿਸਟਿਕਸ ਦਾ ਦਫ਼ਤਰ ਪੂਰੇ ਯੂਕੇ ਵਿੱਚ ਅੰਕੜਿਆਂ ਨੂੰ ਇੱਕੋ ਜਿਹਾ ਬਣਾਉਣ ਵਿੱਚ ਮਦਦ ਕਰਨ ਲਈ ਯੂਕੇ ਸਰਕਾਰ ਅਤੇ ਵਿਕਸਤ ਪ੍ਰਸ਼ਾਸਨ ਨਾਲ ਕੰਮ ਕਰੇਗਾ।

# ਡਾਟਾ ਸਿਧਾਂਤ 8

# ਇਹ ਯਕੀਨੀ ਬਣਾਓ ਕਿ ਡਾਟਾ ਪਹੁੰਚਯੋਗ ਹੈ




ਡਾਟਾ ਹਰ ਕਿਸੇ ਲਈ ਪਹੁੰਚਯੋਗ ਹੋਣਾ ਚਾਹੀਦਾ ਹੈ। ਉਦਾਹਰਨ ਲਈ, ਸਾਨੂੰ ਵੱਖ-ਵੱਖ ਭਾਸ਼ਾਵਾਂ ਅਤੇ ਫਾਰਮੈਟਾਂ ਦੇਣ ਦੀ ਲੋੜ ਹੋ ਸਕਦੀ ਹੈ ਤਾਂ ਜੋ ਹਰ ਕੋਈ ਡਾਟਾ ਪੜ੍ਹ ਅਤੇ ਸਮਝ ਸਕੇ।



ਸਾਨੂੰ ਲੋਕਾਂ ਬਾਰੇ ਮੌਜੂਦ **ਨਿੱਜੀ** ਜਾਣਕਾਰੀ ਸੁਰੱਖਿਅਤ ਰੱਖਣੀ ਚਾਹੀਦੀ ਹੈ।

**ਨਿੱਜੀ** ਮਤਲਬ ਇਹ ਤੁਹਾਡੇ ਬਾਰੇ ਹੈ ਅਤੇ ਗੋਪਨੀਯ ਹੈ।



ਅਸੀਂ ਬਹੁਤ ਸਾਰੇ ਲੋਕਾਂ ਨਾਲ ਗੱਲ ਕਰਾਂਗੇ ਤਾਂ ਜੋ ਅਸੀਂ ਇਹ ਸਮਝ ਸਕੀਏ ਕਿ ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਅਤੇ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਦੇ ਸਰਵੋਤਮ ਤਰੀਕੇ ਕੀ ਹਨ।



ਨਵੀਂ ਏਕੀਕ੍ਰਿਤ ਡੇਟਾ ਸੇਵਾ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਰੱਖੇਗੀ ਤਾਂ ਜੋ ਸਿਰਫ਼ ਸਰਕਾਰੀ ਸੰਸਥਾਵਾਂ ਅਤੇ ਹੋਰ ਪ੍ਰਵਾਨਿਤ ਉਪਭੋਗਤਾ ਡੇਟਾ ਤੱਕ ਆਸਾਨੀ ਨਾਲ ਪਹੁੰਚ ਕਰ ਸਕਣ ਅਤੇ ਉਸਦੀ ਵਰਤੋਂ ਕਰ ਸਕਣ। ਪ੍ਰਕਾਸ਼ਿਤ ਕੀਤੀ ਗਈ ਕਿਸੇ ਵੀ ਚੀਜ਼ ਵਿੱਚ ਵਿਅਕਤੀਗਤ ਲੋਕਾਂ ਦੀ ਪਛਾਣ ਕਰਨਾ ਸੰਭਵ ਨਹੀਂ ਹੋਵੇਗਾ।

# ਕੀ ਕਰਨਾ ਚਾਹੀਦਾ ਹੈ ਜੇਕਰ ਤੁਹਾਡੇ ਕੋਈ ਪ੍ਰਸ਼ਨ ਹਨ




ਜੇਕਰ ਤੁਸੀਂ ਸਾਡੀ ਯੋਜਨਾ ਬਾਰੇ ਗੱਲ ਕਰਨਾ ਚਾਹੁੰਦੇ ਹੋ ਤਾਂ ਸਾਡੇ ਨਾਲ ਸੰਪਰਕ ਕਰੋ।




ਇਸ ਪਤੇ ਤੇ ਈਮੇਲ ਭੇਜੋ:

equalities@ons.gov.uk




ਇਸ ਦਸਤਾਵੇਜ਼ ਦੇ ਪੂਰੇ ਸੰਸਕਰਣ ਨੂੰ

**“ਸੰਮਲਿਤ ਡਾਟਾ ਟਾਸਕਫੋਰਸ ਲਾਗੂ ਕਰਨ ਦੀ ਯੋਜਨਾ" ਕਿਹਾ ਜਾਂਦਾ ਹੈ”**